


ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਵਿਸ਼ਵੀਕਰਨ ਦੇ ਬੁਨਿਆਦੀ ਸਰੋਕਾਰ

ਮੌਜੂਦਾ ਸਮੇਂ ਵਿਚ, ਪੂੰਜੀਵਾਦ ਲੋਕਾਂ ਦੀ ਗੱਲਬਾਤ ਵਿਚ ਇਸ ਲਈ ਆਉਣਾ ਚਾਹੀਦਾ ਹੈ ਕਿਉਂਕਿ ਅਸੀਂ ਜਿਸ ਦੁਨੀਆਂ ਵਿਚ ਰਹਿੰਦੇ ਹਾਂ ਇਹ ਪੂੰਜੀਵਾਦ ਦੀ ਦੁਨੀਆਂ ਹੈ। ਸੋਵੀਅਤ ਸੰਘ ਡਿੱਗ ਚੁੱਕਾ ਹੈ ਤੇ ਸਮਾਜਵਾਦ ਦੇ ਉਦੇਸ਼ ਨੂੰ ਦੁਨੀਆਂ ਭਰ ਵਿਚ ਸਦਮਾ ਪਹੁੰਚਿਆ ਹੈ। ਪਰੰਤੂ ਪੂੰਜੀਵਾਦ ਕਾਇਮ ਹੈ। ਇਹਨੂੰ ਸਮਝਣਾ ਚਾਹੀਦਾ ਹੈ ਤੇ ਇਸ ਦੇ ਬਦਲ ਲੱਭਣੇ ਚਾਹੀਦੇ ਹਨ।

ਅੱਜ ਦਾ ਪੂੰਜੀਵਾਦ ਉਸ ਤਰ੍ਹਾਂ ਦਾ ਨਹੀਂ ਜਿਸ ਤਰ੍ਹਾਂ ਦਾ 19ਵੀਂ ਸਦੀ ਵਿਚ ਮਾਰਕਸ ਨੇ ਵੇਖਿਆ ਤੇ ਪੜ੍ਹਿਆ ਸੀ। ਹੁਣ ਤਕ ਇਸਦੇ ਵਿਚ ਬਹੁਤ ਸਾਰੀਆਂ ਤਬਦੀਲੀਆਂ ਹੋ ਚੁੱਕੀਆਂ ਹਨ। ਇਸ ਲਈ ਇਨ੍ਹਾਂ ਤਬਦੀਲੀਆਂ ਨੂੰ ਸਮਝਣਾ ਤੇ ਪਹਿਚਾਨਣਾ ਜ਼ਰੂਰੀ ਹੈ ਤਾਂ ਕਿ ਸਮਕਾਲੀ ਪੂੰਜੀਵਾਦ ਨਾਲ ਜੱਦੋ-ਜਹਿਦ ਕੀਤੀ ਜਾ ਸਕੇ। ਪਰ ਰੇਮੰਡ ਵਿਲੀਅਮਜ਼ ਦੇ ਕਥਨ ਅਨੁਸਾਰ, "ਪੂੰਜੀਵਾਦ ਵਿਚ ਜੋ ਕੁਝ ਬਦਲਿਆ ਹੈ ਉਸ ਬਾਰੇ ਤੇ ਜੋ ਕੁਝ ਨਹੀਂ ਬਦਲਿਆ ਉਸ ਬਾਰੇ ਕੋਈ ਗ਼ਲਤ ਨਿਰਣਾ ਵੀ ਨਹੀਂ ਲੈ ਲੈਣਾ ਚਾਹੀਦਾ। ਇਸ 'ਜੋ' ਕੁਝ ਵਿਚ ਬਹੁਤ ਕੁਝ ਆਉਂਦਾ ਹੈ, ਜਿਵੇਂ ਕਿ ਪੂੰਜੀਵਾਦ ਦੀ ਬਣਤਰ ਦਾ ਤਰਕ, ਪੂੰਜੀਵਾਦ ਦੀਆਂ ਪੂੰਜੀ ਇਕੱਤਰ ਕਰਨ ਦੀਆਂ ਕਿਰਿਆਵਾਂ ਜੋ ਕਿ ਕਾਨੂੰਨ ਵਰਗੀਆਂ ਹਨ, ਜਿਵੇਂ ਕਿ ਮਾਰਕਸ ਨੇ ਦੱਸਿਆ ਤੇ ਜਿਨ੍ਹਾਂ ਸਦਕਾ ਕਿਸੇ ਵੀ ਦੇਸ਼ ਦੇ ਅੰਦਰ ਤੇ ਦੇਸ਼ ਤੋਂ ਬਾਹਰ ਵੀ ਜਿੱਥੇ ਕਿ ਪੂੰਜੀਵਾਦ ਦੀਆਂ ਵਿਕਸਿਤ ਪ੍ਰਣਾਲੀਆਂ ਲਾਗੂ ਹਨ। ਵੈਲਫੇਅਰ ਸਟੇਟ ਦੇ ਡਿੱਗਣ ਨਾਲ ਇਹ ਸਿੱਧ ਹੋਇਆ ਹੈ ਕਿ ਉੱਥੇ ਵੀ ਇਕ ਪਾਸੇ ਬਹੁਲਤਾ ਪੈਦਾ ਹੋਈ ਹੈ ਤੇ ਦੂਜੇ ਪਾਸੇ ਅਤਿ ਦੀ ਗ਼ਰੀਬੀ। ਸੰਸਾਰ ਭਰ ਵਿਚ ਸਾਮਰਾਜਵਾਦ ਦਾ ਪਾਸਾਰਾ ਹੋਇਆ ਹੈ ਅਤੇ ਇਸ ਦੇ ਕੇਂਦਰ ਤੇ ਆਲਮੀ ਪੂੰਜੀਵਾਦ ਦੇ ਬਾਹਰੀ ਖੇਤਰ ਪੈਰੀਫੇਰੀ ਵਿਚ ਪਾੜਾ ਵਧਿਆ ਹੈ। ਭਾਵ ਅਮੀਰੀ ਤੇ ਗ਼ਰੀਬੀ ਵਿਚ ਪਾੜਾ ਲਗਾਤਾਰ ਵਧ ਰਿਹਾ ਹੈ। ਪੂੰਜੀਵਾਦ ਦਾ ਇਹ ਸ਼ੋਸ਼ਣ ਕਰਨ ਦਾ ਮੁੱਢਲਾ ਤਰਕ ਅੱਜ ਵੀ ਉਸੇ ਤਰ੍ਹਾਂ ਕੰਮ ਕਰ ਰਿਹਾ ਹੈ, ਜਿਸ ਤਰ੍ਹਾਂ ਕਿ ਮਾਰਕਸ ਦੇ ਆਪਣੇ ਜ਼ਮਾਨੇ ਵਿਚ ਸੀ। ਸਗੋਂ ਅੱਜ-ਕਲ੍ਹ ਦੁਨੀਆਂ ਪੁਰਾਣੇ ਜ਼ਮਾਨੇ ਨਾਲੋਂ ਵੱਧ ਪੂੰਜੀਵਾਦ ਦੇ ਅਸਰ ਹੇਠ ਹੈ ਅਤੇ ਇਸੇ ਅਸਲੀਅਤ ਨੂੰ ਅਜੋਕੀ ਬੁਰਜੂਆ ਵਿਚਾਰਧਾਰਾ ਵਿਸ਼ਵੀਕਰਨ ਰਾਹੀਂ ਮਿੱਥ ਬਣਾ ਕੇ ਪੇਸ਼ ਕਰ ਰਹੀ ਹੈ। ਇਸ ਮਿੱਥਕ ਪ੍ਰਕਿਰਿਆ ਦੇ ਨਾਂ ਹੇਠ ਸੰਸਾਰੀਕਰਨ ਦੀ ਵਿਚਾਰਧਾਰਾ ਨੂੰ ਰਹੱਸਵਾਦ ਵਾਂਗ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿ ਅਸੀਂ 'ਗਲੋਬਲੀ' ਕਹਿ ਸਕਦੇ ਹਾਂ। ਇਸ ਪ੍ਰਕਿਰਿਆ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਹੋ ਰਹੀ ਹੈ ਕਿ ਜੋ ਕੁਝ ਹੁਣ ਵਾਪਰ ਰਿਹਾ ਹੈ ਅਜਿਹਾ ਪਹਿਲਾਂ ਕਦੇ ਕੁਝ ਨਹੀਂ ਵਾਪਰਿਆ ਸੀ। ਜਿਵੇਂ ਕਿ ਖੁਸ਼ਹਾਲੀ ਤੇ ਉਦਾਰਤਾ (ਭਲਾ) ਦਾ ਨਵਾਂ ਇਤਿਹਾਸ ਸ਼ੁਰੂ ਹੋ ਰਿਹਾ ਹੋਵੇ। ਉਹ ਇਤਿਹਾਸ ਜਿਸ ਵਿਚੋਂ ਕਿ ਪੂੰਜੀਵਾਦ, ਸਾਮਰਾਜਵਾਦੀ ਸ਼ੋਸ਼ਣ ਤੇ ਸਮਾਜਵਾਦ ਵਰਗੀਆਂ ਸਭ ਵਿਚਾਰਧਾਰਾਵਾਂ ਖ਼ਤਮ ਹੋ ਗਈਆਂ ਹਨ। ਇਹ ਬੜੀ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸੰਸਾਰੀਕਰਨ ਪੂੰਜੀਵਾਦ ਦੇ ਵਿਕਾਸ ਦੀ ਹੀ ਇਕ ਨਵੀਂ ਅਵਸਥਾ ਹੈ।

ਪੂੰਜੀਵਾਦ ਸ਼ੁਰੂ ਤੋਂ ਹੀ ਆਪਣੇ ਸੁਭਾਅ ਮੁਤਾਬਿਕ ਇਕ ਵਿਸ਼ਵ-ਵਿਆਪੀ



**ਪ੍ਰੋ. ਰਣਧੀਰ ਸਿੰਘ**
ਮਰਹੂਮ
ਪੰਜਾਬੀ ਚਿੰਤਕ

(ਗਲੋਬਲਾਇਜ਼ਿੰਗ) ਪ੍ਰਬੰਧ ਹੈ। ਐਡਮ ਸਮਿੱਥ ਇਹ ਜਾਣਦਾ ਸੀ। ਇਸ ਦੇ ਲੱਛਣ ਕਮਿਊਨਿਸਟ ਮੈਨੀਫੈਸਟੋ ਵਿਚ ਵੀ ਵੇਖੇ ਜਾ ਸਕਦੇ ਹਨ, ਜਿੱਥੇ ਮਾਰਕਸ ਨੇ ਸਪੱਸ਼ਟ ਲਿਖਿਆ ਹੈ ਕਿ ਤੇਜ਼ੀ ਨਾਲ ਵਿਸਥਾਰ ਹੋ ਰਹੀ ਮੰਡੀ ਆਪਣੀਆਂ ਚੀਜ਼ਾਂ ਵੇਚਣ ਲਈ ਦੁਨੀਆਂ ਭਰ ਵਿਚ ਬੁਰਜੂਆ (ਜਮਾਤ) ਮਗਰ ਭੱਜ ਰਹੀ ਹੈ, ਕਿਵੇਂ ਇਹ ਹਰ ਜਗ੍ਹਾ ਆਪਣੇ ਆਪ ਨੂੰ ਸਥਾਪਿਤ ਕਰਨਾ ਚਾਹੁੰਦੀ ਹੈ, ਕਿਵੇਂ ਇਸ ਨੇ ਇਕ ਸੰਸਾਰੀ ਮੰਡੀ ਬਣਾ ਲਈ ਹੈ। ਮਾਰਕਸ ਨੇ ਲਿਖਿਆ ਹੈ ਕਿ ਇਹ ਫੈਲ ਰਹੀ ਮੰਡੀ ਹਰ ਦੇਸ਼ ਵਿਚ ਪੈਦਾਵਰ ਤੇ ਖ਼ਤਮ ਦੇ ਸਿਧਾਂਤ ਨੂੰ ਸ਼ੋਸ਼ਣ ਦਾ ਵਸੀਲਾ ਬਣਾ ਕੇ ਇਸ ਨੂੰ ਆਲਮੀ ਗੁਣ ਦੇ ਰਹੀ ਹੈ। ਉਸ ਨੇ ਇਹ ਵੀ ਦੱਸਿਆ ਕਿ ਪੂੰਜੀਵਾਦ ਤੇ ਇਸ ਦੀ ਫੈਲ ਰਹੀ ਮੰਡੀ ਕਿਵੇਂ ਸਰਹੱਦਾਂ ਨੂੰ ਤੋੜਦੀ, ਲਤਾੜਦੀ ਹੋਈ ਸਾਰੀ ਦੁਨੀਆਂ ਦੇ ਦੇਸ਼ਾਂ ਨੂੰ ਪੈਦਾਵਾਰ ਦਾ ਬੁਰਜੂਆ ਢੰਗ ਅਪਣਾਉਣ ਲਈ ਮਜਬੂਰ ਕਰ ਰਹੀ ਹੈ ਆਦਿ। ਇਸ ਲਈ ਸੰਸਾਰੀਕਰਨ ਕੋਈ ਨਵਾਂ ਵਰਤਾਰਾ ਨਹੀਂ। ਇਹ ਸਿਰਫ਼ ਪੂੰਜੀਵਾਦ ਦੇ ਫੈਲਾਅ ਦਾ ਇਕ ਨਵਾਂ ਦੌਰ ਹੈ।

ਅੱਜ ਦੇ ਨਵੇਂ ਸੰਸਾਰੀਕਰਨ ਦੀ ਨਿਵੇਕਲੀ ਖ਼ਾਸੀਅਤ ਇਹ ਹੈ ਕਿ ਇਸ ਦੌਰ ਵਿਚ ਪੂੰਜੀਵਾਦ ਆਪਣੇ ਪੁਰਾਣੇ ਸੁਨਹਿਰੀ ਯੁੱਗ ਨਾਲੋਂ ਟੁੱਟ ਕੇ ਇਕ ਬਿਲਕੁੱਲ ਬਦਲੇ ਹੋਏ ਦੌਰ ਵਿਚ ਦਾਖ਼ਲ ਹੋ ਰਿਹਾ ਹੈ, ਪੁਰਾਣਾ ਪੂੰਜੀਵਾਦ ਕੇਨਜ਼ ਦੇ ਸਿਧਾਂਤਾਂ ’ਤੇ ਆਧਾਰਿਤ ਸੀ, ਜਿਸ ਅਨੁਸਾਰ ਵੈਲਫੇਅਰ ਸਟੇਟ ਅਤੇ ਵੱਧ ਤੋਂ ਵੱਧ ਮੁਨਾਫ਼ਾ ਪੂੰਜੀ ਦੇ ਮੁੱਖ ਸਿਧਾਂਤ ਸਨ। ਇਨ੍ਹਾਂ ਸਿਧਾਂਤਾਂ ਰਾਹੀਂ ਪੂੰਜੀਵਾਦ 1930ਵਿਆਂ ਦੇ ਮਹਾਂ ਆਰਥਿਕ ਸੰਕਟ ਵਿਚੋਂ ਨਿਕਲਿਆ ਸੀ ਅਤੇ ਇਸ ਦੀ ਦਿੱਖ ਮਨੁੱਖ ਪੱਖੀ ਹੋਣ ਕਾਰਨ ਇਹ ਕਾਫ਼ੀ ਬਦਲ ਗਿਆ। 1970 ਵਿਚ ਸੰਸਾਰ ਆਰਥਿਕਤਾ ਨੂੰ ਫਿਰ ਝਟਕਾ ਲੱਗਾ ਤੇ ਉਦੋਂ ਤੋਂ ਇਸ ਦਾ ਝੁਕਾਅ ਹੇਠਾਂ ਵੱਲ ਗਿਆ। ਸੰਸਾਰੀਕਰਨ ਆਪਣੇ ਨਵੇਂ ਉਦਾਰੀਕਰਨ ਦੇ ਚਿਹਰੇ ਨਾਲ ਪੂੰਜੀਵਾਦ ਦੇ ਇਸ ਨਵੇਂ ਸਟਰਕਚਰਲ ਸੰਕਟ ਨੂੰ ਸੰਬੋਧਨ ਹੋਣ ਦਾ ਹੀ ਇਕ ਯਤਨ ਹੈ। ਸਗੋਂ ਇਹ ਇਕ ਬੜਾ ਪ੍ਰਤੀਨਿਧ ਕਿਸਮ ਦਾ ਪੂੰਜੀਵਾਦ ਹੈ ਜੋ ਕਿ ਸੰਸਾਰ ਜੰਗ ਤੋਂ ਬਾਂਅਦ ਦੇ ਸੁਨਹਿਰੀ ਯੁੱਗ ਤੋਂ ਚੱਲ ਕੇ ਪੂੰਜੀਵਾਦ ਦੇ ਖੁੱਲੀ ਮੰਡੀ ਤੱਕ ਪਹੁੰਚਣ ਦਾ ਸਫ਼ਰ ਹੈ। ਪੂੰਜੀ ਦੇ ਸੰਸਾਰ ਮੰਡੀ ਵਿਚ ਮੁਕਾਬਲੇਬਾਜ਼ੀ ਵਿਚ ਰਹਿਣ ਲਈ ਕੇਨਜ਼ ਦੇ ਪੁਰਾਣੇ ਸਿਧਾਂਤ ਵਾਲੀ ਆਰਥਿਕਤਾ ਵਿਚ ਸਟੇਟ ਦੀ ਦਖਲ-ਅੰਦਾਜ਼ੀ ਬੰਦ ਕਰਨੀ ਹੋਵੇਗੀ। ਨਾ ਹੀ ਪੂੰਜੀਵਾਦ ਹੁਣ ਆਲਮੀ ਜੰਗ ਤੋਂ ਬਾਅਦ ਵਾਲਾ ਕੇਨਜ਼ੀਅਨ ਮਾਡਲ ਅਧੀਨ ਮਨੁੱਖੀ ਭਲਾਈ ਵਾਲਾ ਚਿਹਰਾ ਬਰਕਰਾਰ ਰੱਖ ਸਕਦਾ ਹੈ। ਮਨੁੱਖੀ ਭਲਾਈ ਵਾਲਾ ਚਿਹਰਾ ਰੱਖਣ ਲਈ ਹੁਣ ਇਸ ਨੂੰ ਲੋੜ ਵੀ ਕੋਈ ਨਹੀਂ ਕਿਉਂਕਿ ਸਮਾਜਵਾਦ ਦਾ ਖ਼ਤਰਾ ਟਲ ਜਾਣ ਕਾਰਨ ਹੁਣ ਇਸਦੀ ਕੋਈ ਮਜਬੂਰੀ ਨਹੀਂ ਰਹੀ। ਜਿਨ੍ਹਾਂ ਕਾਰਨਾ ਕਰਕੇ ਪੱਛਮੀ ਦੇਸ਼ਾਂ ਦੇ ਮਜ਼ਦੂਰਾਂ ਨੂੰ ਪੂੰਜੀਵਾਦ ਦੀ ਲੁੱਟ ਤੋਂ ਕੁਝ ਰਾਹਤ ਮਿਲੀ ਸੀ, ਉਹ ਵੀ ਹੁਣ ਸਿਰਫ਼ ਪੁਰਾਣੇ ਇਤਿਹਾਸ ਦੀ ਗੱਲ ਬਣ ਗਏ ਹਨ। ਇਨ੍ਹਾਂ ਵਿਕਸਿਤ ਪੂੰਜੀਵਾਦੀ ਪੱਛਮੀ ਯੂਰਪ ਦੇ ਦੇਸ਼ਾਂ ਵਿਚ ਵੀ ਪੂੰਜੀਵਾਦ ਹੁਣ ਆਪਣਾ ਮਨੁੱਖੀ ਭਲਾਈ ਵਾਲਾ ਚਿਹਰਾ ਛੱਡ ਕੇ ਆਪਣੇ ਜੰਗਲੀ ਰੂਪ ਵਿਚ ਸਾਹਮਣੇ ਆ ਰਿਹਾ ਹੈ।

ਵਿਸ਼ਵੀਕਰਨ, ਸੰਸਾਰੀਕਰਨ ਦੇ ਇਸ ਨਵੇਂ ਦੌਰ ਵਿਚ ਇਸ ਦੀਆਂ ਕੁਝ ਆਪਣੀਆਂ ਵਿਸ਼ੇਸ਼ਤਾਈਆਂ ਹਨ। ਇਕ ਦੇਸ਼ ਦੇ ਅੰਦਰੂਨੀ ਪੱਧਰ ’ਤੇ ਹੀ ਨਹੀਂ ਬਲਕਿ ਸੰਸਾਰੀਕਰਨ ਸਮੁੱਚੇ ਰੂਪ ਵਿਚ ਪੂੰਜੀਵਾਦ ਹੀ ਹੈ ਅਤੇ ਅੰਤਰ-ਰਾਸ਼ਟਰੀ ਪੱਧਰ ’ਤੇ ਇਹ ਸੰਸਾਰੀਕਰਨ ਇੱਥੇ ਸੰਪੂਰਨ ਸਾਮਰਾਜਵਾਦ ਹੈ। ਹੁਣ ਜਦੋਂ ਕਿ ਪੂੰਜੀਵਾਦ ਦਾ ਤਰਕ ਪੂਰੀ ਤਰ੍ਹਾਂ ਆਲਮੀ ਬਣ ਚੁੱਕਾ ਹੈ ਤਾਂ ਸਾਮਰਾਜਵਾਦ ਆਪਣੇ ਮੁਫਾਦ ਆਪਣੇ ਪੁਰਾਣੇ ਫ਼ੌਜੀ ਜਾਂ ਜੰਗੀ ਤਰੀਕਿਆਂ ਨਾਲ ਪ੍ਰਾਪਤ ਨਹੀਂ ਕਰ ਸਕਦਾ। ਸਗੋਂ ਪੂੰਜੀਵਾਦ ਮੰਡੀ ਰਾਹੀਂ ਇਹ ਕੰਮ ਜ਼ਿਆਦਾ ਬੇਹਤਰੀ ਨਾਲ ਕਰ ਸਕਦਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਮਰਾਜਵਾਦ ਹੁਣ ਜੰਗਾਂ ਜਾਂ ਫੌਜੀ ਵਰਤੋਂ ਨਾਲ ਆਪਣੇ ਮੁਫਾਦ ਪ੍ਰਾਪਤ ਨਹੀਂ ਕਰਦਾ। ਇਸ ਦੀ ਬੜੀ ਉੱਘੀ ਮਿਸਾਲ ਅਮਰੀਕਾ ਵੱਲੋਂ ਆਪਣੀ ਫ਼ੌਜੀ ਤਾਕਤ ਵਰਤ ਕੇ ਮੱਧ-ਪੂਰਬੀ ਤੇ ਮੱਧ-ਏਸ਼ੀਆ ਦੇ ਦੇਸ਼ਾਂ ਵਿਚ ਤੇਲ ਦੇ ਸੋਮਿਆਂ ਨੂੰ ਹਥਿਆਉਣਾ ਤੇ ਸਾਰੇ ਦੇਸ਼ਾਂ ਵਿਚ ਵੱਡੀਆਂ ਅਮਰੀਕਨ ਕੰਪਨੀਆਂ ਦਾ ਪ੍ਰਬੰਧ ਸਥਾਪਿਤ ਕਰਨਾ ਹੈ।

ਇਨ੍ਹਾਂ ਲੱਛਣਾਂ ਤੋਂ ਬਿਨਾਂ ਇਕ ਹੋਰ ਵੀ ਲੱਛਣ ਹੈ, ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਪੂੰਜੀਵਾਦ ਆਲਮੀ ਹੋ ਜਾਣ ਦੀ ਇੱਛਾ (ਭਾਵ) ਏਨੀ ਤਾਕਤਵਰ ਹੋਈ ਹੈ ਕਿ ਜਿੰਨਾ ਇਹ ਆਲਮੀ ਹੁਣ ਹੈ ਏਨਾ ਪਹਿਲਾਂ ਇਹ ਕਦੇ ਵੀ ਨਹੀਂ ਰਿਹਾ। ਇਸ ਵੇਲੇ ਦੁਨੀਆਂ ਵਿਚ ਅਮੀਰ ਤੇ ਗ਼ਰੀਬ, ਲੋਟੂ ਤੇ ਲੁੱਟੇ ਜਾਣ ਵਾਲਿਆਂ ਵਿਚ ਸਪੱਸ਼ਟ ਆਲਮੀ ਵੰਡੀਆਂ ਪ੍ਰਤੱਖ ਦਿਖਾਈ ਦਿੰਦੀਆਂ ਹਨ ਪਰ ਇਸ ਦੀ ਕਾਮਯਾਬੀ ਇਸ ਦੀਆਂ ਨਾ-ਕਾਮਯਾਬੀਆਂ ਨੂੰ ਵੀ ਨਾਲ ਰੱਖਦੀ ਹੈ। ਭਾਵ ਕਿ ਬੇਹੱਦ ਪੈਦਾਵਾਰ ਪਰ ਨਾਲ ਦੀ ਨਾਲ ਅਸਾਵੀਂ ਵੰਡ ਪ੍ਰਣਾਲੀ, ਬੇਹੱਦ ਧਨ-ਦੌਲਤ ਦੀ ਪੈਦਾਵਰ ਪਰ ਨਾਲ ਦੀ ਨਾਲ ਬੇਹੱਦ ਗ਼ਰੀਬੀ।

ਇਸ ਤੋਂ ਵੀ ਮਹੱਤਵਪੂਰਨ ਮੁੱਦਾ ਇਹ ਹੈ ਕਿ ਸਾਮਰਾਜਵਾਦ ਦੀਆਂ ਅੰਦਰੂਨੀ ਵਿਰੋਧਤਾਈਆਂ ਤਿੱਖੀਆਂ

ਹੋ ਰਹੀਆਂ ਹਨ, ਜਿਨ੍ਹਾਂ 'ਚ ਸਭ ਤੋਂ ਮਹੱਤਵਪੂਰਨ ਹੈ ਵਾਧੂ ਪੈਦਾਵਾਰ ਦਾ ਸੰਕਟ। ਇਤਿਹਾਸਕ ਤੌਰ 'ਤੇ ਪੂੰਜੀਵਾਦ ਇਨ੍ਹਾਂ ਵਿਰੋਧਤਾਈਆਂ ਨੂੰ ਹੱਲ ਕਰਨ ਜਾਂ ਆਸੇ-ਪਾਸੇ ਟਾਲਣ ਦੇ ਸਮਰੱਥ ਹੈ ਤਾਂ ਕਿ ਇਸਦੇ ਮਾਰੂ ਆਪਾ ਤਬਾਹੀ ਵਾਲੇ ਸਿੱਟਿਆਂ ਤੋਂ ਬਚਿਆ ਜਾ ਸਕੇ। ਵਿਸ਼ਵੀਕਰਨ ਤੋਂ ਬਾਅਦ ਪੁਰਾਣੇ ਢੰਗ-ਤਰੀਕੇ ਜਿਨ੍ਹਾਂ ਨਾਲ ਅਜਿਹੇ ਸੰਕਟ ਹੋਰਾਂ ਦੇਸ਼ਾਂ ਵੱਲ ਧੱਕ ਦਿੱਤੇ ਜਾਂਦੇ ਸਨ, ਹੁਣ ਉਪਲੱਬਧ ਨਹੀਂ ਹਨ। ਪ੍ਰਸਿੱਧ ਵਿਦਵਾਨ ਐਲਨ ਮਿਕਸਿਨ ਵੁੱਡ ਲਿਖਦੀ ਹੈ ਕਿ ਪੂੰਜੀਵਾਦ ਕੋਲ ਹੁਣ ਬਚ ਨਿਕਲਣ ਦੇ ਤਰੀਕੇ ਬੜੇ ਘੱਟ ਹਨ। ਇਸ ਕੋਲ ਹੁਣ ਪੁਰਾਣੇ ਸੇਫਟੀ ਵਾਲਵ ਜਾਂ ਤੌਰ-ਤਰੀਕੇ ਨਹੀਂ ਬਚੇ। ਹੁਣ ਭਾਵੇਂ ਇਹ ਕਿਸੇ ਯੁੱਧ ਜਾਂ ਕਿਸੇ ਹੋਰ ਕੌਮ ਨਾਲ ਆਪਸੀ ਸਾਮਰਾਜੀ ਦੁਸ਼ਮਣੀ ਵਿਚ ਨਹੀਂ ਉਲਝਿਆ ਹੋਇਆ ਤਾਂ ਵੀ ਇਹ ਪੂੰਜੀਵਾਦੀ ਮੁਕਾਬਲੇਬਾਜ਼ੀ ਦੀਆਂ ਵਿਰੋਧਤਾਈਆਂ ਤੇ ਕਸ਼ਮਕਸ਼ੀ ਵਿਚ ਤਾਂ ਉਲਝਿਆ ਹੀ ਹੋਇਆ ਹੈ। ਹੁਣ ਜਦੋਂ ਕਿ ਭੂਗੋਲਿਕ ਰੋਕਾਂ ਅਤੇ ਪੁਲਾੜੀ ਵਿਸਥਾਰ ਆਪਣੀ ਚਰਮਸੀਮਾ 'ਤੇ ਪਹੁੰਚ ਗਏ ਹਨ ਜਿਨ੍ਹਾਂ ਦੀ ਵਜ੍ਹਾ ਕਰਕੇ ਪੂੰਜੀਵਾਦ ਹੁਣ ਤੱਕ ਕਾਮਯਾਬ ਹੋ ਜਾਂਦਾ ਸੀ, ਪਰ ਹੁਣ ਇਨ੍ਹਾਂ ਦੀ ਅਣਹੋਂਦ ਕਰਕੇ ਇਹ ਆਪਾ-ਤਬਾਹੀ ਵੱਲ ਵਧੇਗਾ। ਇਸ ਦਾ ਭਾਵ ਇਹ ਹੋਵੇਗਾ ਕਿ ਹੁਣ ਜਿਵੇਂ-ਜਿਵੇਂ ਪੂੰਜੀਵਾਦ ਆਪਣੇ ਮੁਨਾਫ਼ੇ ਵਧਾਏਗਾ ਜਾਂ ਆਪਣੇ ਵਿਕਾਸ ਵੱਲ ਵਧੇਗਾ, ਤਿਵੇਂ-ਤਿਵੇਂ ਇਹ ਆਪਣੇ ਮਨੁੱਖੀ ਤੇ ਕੁਦਰਤੀ ਲੱਛਣਾਂ ਨੂੰ ਆਪ ਹੀ ਖ਼ਤਮ ਕਰਨ ਲਈ ਮਜਬੂਰ ਹੋਵੇਗਾ।

ਪੂੰਜੀਵਾਦ ਦੀ ਆਪਣੀ ਕਾਮਯਾਬੀ ਤੇ ਇਸ ਦਾ ਆਲਮੀ ਫੈਲਾਅ ਇਸ ਨੂੰ ਨਾ-ਕਾਮਯਾਬੀ ਦੇ ਕੰਢੇ 'ਤੇ ਲੈ ਆਇਆ ਹੈ। ਪੂੰਜੀਵਾਦ ਦਾ ਇਹ ਲੱਛਣ ਇਸਦੇ ਸਟਰਕਚਰਲ ਸੰਕਟ ਦਾ ਮੁੱਖ ਲੱਛਣ ਹੈ। ਪ੍ਰਸਿੱਧ ਵਿਦਵਾਨ ਇਸਤਵਾਨ ਮੈਜਾਰੋਜ਼ ਦਾ ਵਿਚਾਰ ਹੈ ਕਿ ਇਸ ਸਟਰਕਚਰਲ ਸੰਕਟ ਨੇ ਸੰਸਾਰ ਪੂੰਜੀਵਾਦ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ। ਇਹ ਵਿਚਾਰ ਦੇਣਾ ਕਿ ਇਸ ਸੰਕਟ ਦੇ ਬਾਵਜੂਦ ਕੁਝ ਦੇਸ਼ਾਂ ਦੀਆਂ ਅਰਥ-ਵਿਵਸਥਾਵਾਂ ਬੜੀ ਠੀਕ ਤਰ੍ਹਾਂ ਚੱਲ ਰਹੀਆਂ ਹਨ, ਕੋਈ ਨਵੀਂ ਗੱਲ ਨਹੀਂ। ਪੂੰਜੀਵਾਦ ਦੇ ਇਤਿਹਾਸ ਵਿਚ ਇਸ ਤਰ੍ਹਾ ਪਹਿਲਾਂ ਵੀ ਹੁੰਦਾ ਹੀ ਰਿਹਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਸ ਨਾਲ ਪੂੰਜੀਵਾਦ ਦੀ ਅਸਲੀਅਤ ਜਾਂ ਇਸ ਦੇ ਸੰਕਟਾਂ ਦੀ ਅਸਲੀਅਤ ਖ਼ਤਮ ਹੋ ਗਈ ਹੈ। ਇਨ੍ਹਾਂ ਸੰਕਟਾਂ ਤੇ ਸਮੱਸਿਆਵਾਂ ਦੇ ਬਾਵਜੂਦ ਸਾਡਾ ਮਤਲਬ ਇਹ ਨਹੀਂ ਕਿ ਪੂੰਜੀਵਾਦ ਢੈਅ-ਢੇਰੀ ਹੋਣ ਜਾ ਰਿਹਾ ਹੈ। ਕਿਉਂਕਿ ਪ੍ਰਬੰਧ ਇਸ ਤਰ੍ਹਾਂ ਨਹੀਂ ਡਿੱਗਿਆ ਕਰਦੇ। ਪੂੰਜੀਵਾਦ ਨੂੰ ਪੂੰਜੀਵਾਦੀ ਸਰਕਾਰ ਦੀ ਸਹਾਇਤਾ ਪ੍ਰਾਪਤ ਹੁੰਦੀ ਹੈ। ਇਸ ਕਰਕੇ ਪੂੰਜੀਵਾਦ ਆਪਣੇ ਸੰਕਟਾਂ ਵਿਚੋਂ ਨਿਕਲਣ ਲਈ ਬੜਾ ਲਚਕਦਾਰ ਹੁੰਦਾ ਹੈ। ਪਰੰਤੂ ਹਾਲਾਤ ਇਹ ਮੰਗ ਕਰਦੇ ਹਨ ਕਿ ਪੁਰਾਣੀ ਭੁੱਲੀ-ਵਿਸਰੀ ਜਮਾਤੀ ਜੱਦੋ-ਜਹਿਦ ਦੀ ਹੁਣ ਅਹਿਮ ਲੋੜ ਹੈ।

ਪੂੰਜੀਵਾਦ ਅਤੇ ਇਸ ਦੇ ਵਿਰੁੱਧ ਲੋਕਾਂ ਦੀ ਜੱਦੋ-ਜਹਿਦ ਦੇ ਮਹੱਤਵਪੂਰਨ ਸਵਾਲਾਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਮੈਂ ਭਾਰਤ ਨਾਲ ਸਬੰਧਿਤ ਕੁਝ ਹੋਰ ਪਹਿਲੂਆਂ ਬਾਰੇ ਗੱਲ ਕਰਨੀ ਚਾਹਾਂਗਾ। ਪ੍ਰਸਿੱਧ ਵਿਦਵਾਨ ਰੋਬਰਟ ਹੇਠ ਬਰੋਨਰ ਪੂੰਜੀਵਾਦ ਦੀ ਜਿੱਤ ਵਾਲੇ ਨਿਬੰਧ ਵਿਚ ਲਿਖਦਾ ਹੈ, "ਪੂੰਜੀਵਾਦ ਤੇ ਸਮਾਜਵਾਦ ਵਿਚ ਜੋ ਮੁਕਾਬਲਾ 75 ਸਾਲ ਪਹਿਲਾਂ ਸ਼ੁਰੂ ਹੋਇਆ ਸੀ ਹੁਣ ਉਹ ਲਗਭਗ ਖ਼ਤਮ ਹੋ ਚੁੱਕਾ ਹੈ। ਪੂੰਜੀਵਾਦ ਜਿੱਤ ਚੁੱਕਾ ਹੈ।"

ਇਹ ਸੁਝਾਅ ਏਨਾ ਸਪੱਸ਼ਟ ਅਤੇ ਨਿਰਵਿਵਾਦ ਨਹੀਂ ਜਿੰਨਾ ਇਹ ਲੱਗਦਾ ਹੈ। ਪੂੰਜੀਵਾਦੀ ਕਿਸ ਕਿਸਮ ਦੇ ਮੁਕਾਬਲੇ ਦੀ ਜਿੱਤ ਦਾ ਵਿਚਾਰ ਮਨ ਵਿਚ ਲਈ ਬੈਠੇ ਹਨ। ਜੇਕਰ ਮੁਕਾਬਲੇ ਦਾ ਸੰਕਲਪ ਫੌਜੀ ਤਾਕਤ ਤੋਂ ਹੈ ਤਾਂ 1917 ਵਿਚ ਚਰਚਿਲ ਤੋਂ ਲੈ 1987 ਰੀਗਨ ਦੇ ਵੇਲੇ ਤਕ, ਹਿਟਲਰ ਦੇ ਸਮੇਂ ਸਮੇਤ, ਹਰ ਵਾਰ ਸਮਾਜਵਾਦ ਨੂੰ ਤਬਾਹ ਕਰਨ ਲਈ, ਪੂੰਜੀਵਾਦੀ ਤਾਕਤਾਂ ਦੀ ਹਾਰ ਹੋਈ ਹੈ। ਇਹ ਭਾਵੇਂ ਰੂਸ ਲਈ ਵਰਤੀ ਗਈ ਫੌਜੀ ਤਾਕਤ ਸੀ ਜਾਂ ਕਿਸੇ ਵੀ ਹੋਰ ਸਮਾਜਵਾਦੀ ਸਰਕਾਰ ਨੂੰ ਢਾਹੁਣ ਲਈ। ਜੇਕਰ ਇਹ ਮੁਕਾਬਲਾ ਆਰਥਿਕਤਾ ਦੇ ਖੇਤਰ ਵਿਚ ਸੀ, ਸੋਵੀਅਤ ਸੰਘ ਦੀ ਸਮਤਾਵਾਦੀ ਆਰਥਿਕਤਾ ਆਪਣੀਆਂ ਕੁਝ ਘਾਟਾਂ ਦੇ ਬਾਵਜੂਦ ਵਿਕਾਸ ਵਿਚ ਹੈਰਾਨੀਜਨਕ ਪ੍ਰਾਪਤੀਆਂ ਵੱਲ ਵਧੀ। ਰੂਸ ਦੀ ਸਮਤਾਵਾਦੀ ਆਰਥਿਕਤਾ ਦੁਨੀਆ ਭਰ ਦੀਆਂ ਪੂੰਜੀਵਾਦੀ ਆਰਥਿਕਤਾਵਾਂ ਨਾਲ ਆਪਣੇ ਹਾਲਾਤਾਂ ਦੇ ਬਾਵਜੂਦ ਅਤੇ ਆਪਣੇ ਨਾ-ਸਾਜਗਰ ਹਾਲਾਤਾਂ ਦੇ ਬਾਵਜੂਦ ਵੱਡੀਆਂ ਪ੍ਰਾਪਤੀਆਂ ਕਰ ਸਕੀ। ਇਹ ਹਾਲਾਤ ਭਾਵੇਂ ਉਸ ਦੇ ਆਪਦੇ ਪੱਛੜੇਪਨ, ਪਹਿਲੀ ਤੇ ਦੂਜੀ ਸੰਸਾਰ ਜੰਗ, ਅੰਦਰੂਨੀ ਲੜਾਈ, ਸੰਪੂਰਨ ਤੌਰ 'ਤੇ ਸੰਸਾਰ ਵਿਰੋਧ ਤੇ ਪੂੰਜੀਵਾਦ ਦੀ ਠੰਡੀ ਜੰਗ ਦਾ ਦਬਾਓ ਆਦਿ ਕਾਰਨ ਸਨ। ਜਿਥੋਂ ਤਕ ਸੋਹਣੀ ਤੇ ਸਵੱਛ ਜ਼ਿੰਦਗੀ ਦਾ ਸਵਾਲ ਹੈ, ਕੋਈ ਆਰਥਿਕਤਾ ਰੋਜ਼ਾਨਾ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ, ਹਰ ਇਨਸਾਨ ਦੀ ਜ਼ਿੰਦਗੀ ਨੂੰ ਕਿਵੇਂ ਬਿਹਤਰ ਬਣਾਉਂਦੀ ਹੈ, ਇਸ ਵਿਚ ਰੂਸ ਦੀ ਸਮਾਜਵਾਦੀ ਆਰਥਿਕਤਾ ਦਾ ਕੋਈ ਮੁਕਾਬਲਾ ਨਹੀਂ ਸੀ। ਇਸ ਵਿਵਸਥਾ ਵਿਚ ਰੁਜ਼ਗਾਰ ਦੀ ਪੱਕੀ ਗਰੰਟੀ, ਜਨਮ ਤੋਂ ਮੌਤ ਤਕ ਸਮਾਜਕ ਸੁਰੱਖਿਆ, ਸਿਹਤ, ਸੰਭਾਲ, ਵਿੱਦਿਆ, ਰਹਿਣ ਲਈ ਘਰ,

ਆਦਿ ਸਹੂਲਤਾਂ ਹਰ ਇਕ ਨੂੰ ਪ੍ਰਦਾਨ ਕੀਤੀਆਂ ਗਈਆਂ ਸਨ। ਸਾਹਿਤ, ਸੰਗੀਤ ਤੇ ਕਲਾਵਾਂ ਦੀ ਸਿੱਖਿਆ ਦਾ ਵਿਸਥਾਰ ਤੇ ਪ੍ਰਚਾਰ ਕੀਤਾ ਗਿਆ ਸੀ। ਸੋਵੀਅਤ ਸੰਘ ਨੇ ਆਪਣੇ ਲੋਕਾਂ ਦੀ ਜ਼ਿੰਦਗੀ ਨੂੰ ਅਜਿਹੀ ਪਦਾਰਥਕ ਸੁਰੱਖਿਆ, ਨੈਤਿਕ ਤੇ ਕਲਾਤਮਕ ਸੰਸਕ੍ਰਿਤੀ ਪ੍ਰਦਾਨ ਕੀਤੀ ਜੋ ਕਿ ਪੂਰੀ ਤਰ੍ਹਾਂ ਵਿਕਸਤ ਹੋਏ ਪੂੰਜੀਵਾਦੀ ਦੇਸ਼ ਵੀ ਆਪਣੇ ਲੋਕਾਂ ਨੂੰ ਨਾ ਦੇ ਸਕੇ।

ਇਸ ਵਿਸ਼ੇ ਉੱਤੇ ਭਾਵੇਂ ਕਿ ਹੋਰ ਬਹੁਤ ਕੁਝ ਦੱਸਿਆ ਜਾ ਸਕਦਾ ਹੈ, ਪਰ ਹਾਲ ਦੀ ਘੜੀ ਮੇਰਾ ਮੁੱਦਾ ਹੇਲ ਬਰੌਨਰ ਦੇ ਵਿਚਾਰ ਦੀ ਉਸ ਕਮਜ਼ੋਰੀ ਵੱਲ ਹੈ, ਜਿਸ ਵਿਚ ਉਸ ਨੇ ਕਿਹਾ ਸੀ ਕਿ ਪੂੰਜੀਵਾਦ ਦੀ ਜਿੱਤ ਤੇ ਸਮਾਜਵਾਦ ਦੀ ਹਾਰ ਹੋਈ ਹੈ। ਮੇਰਾ ਮੁੱਦਾ ਵਰਤਮਾਨ ਇਤਿਹਾਸ ਦੇ ਇਸ ਮਹੱਤਵਪੂਰਨ ਨੁਕਤੇ ਵੱਲ ਹੀ ਹੈ।

ਹੇਲ ਬਰੌਨਰ ਆਪਣੀਆਂ ਬਾਅਦ ਵਾਲੀਆਂ ਦਲੀਲਾਂ ਅਤੇ ਬਿਆਨਾਂ ਵਿਚ ਬੜਾ ਸਾਵਧਾਨ ਹੋ ਗਿਆ। ਇਸ ਤੋਂ ਵੀ ਵੱਧ ਮਹੱਤਵਪੂਰਨ ਇਹ ਹੈ ਉਹ ਲੰਮੇ ਸਮੇਂ ਤਕ, ਖ਼ਾਸ ਕਰਕੇ 1953 ਤੋਂ ਲੈ ਕੇ 80ਵਿਆਂ ਦੇ ਅੱਧ ਤਕ, ਤੋਂ ਮਗਰੋਂ ਵੀ ਉਹ ਪੂੰਜੀਵਾਦ ਦਾ ਬੜਾ ਸੰਵੇਦਨਸ਼ੀਲ ਆਲੋਚਕ ਰਿਹਾ ਹੈ। 1985 ਵਿਚ ਉਸ ਨੇ ਲਿਖਿਆ ਸੀ ਕਿ ਪੂੰਜੀਵਾਦ ਅਵੱਸ਼ ਹੀ ਕਿਸੇ ਹੋਰ ਸਮਾਜਕ ਪ੍ਰਬੰਧ ਰਾਹੀਂ ਬਦਲਿਆ ਜਾਣਾ ਹੈ। ਇਹ ਸਾਫ਼ ਨਜ਼ਰ ਆ ਰਿਹਾ ਹੈ। ਇਸ ਲਈ ਸਮਾਜਵਾਦ ਦੀ ਨਾਕਾਮਯਾਬੀ ਤੋਂ ਇਹ ਨਿਰਣਾ ਲੈ ਲੈਣਾ ਕਿ ਪੂੰਜੀਵਾਦ ਦੀ ਜਿੱਤ ਹੋਈ ਹੈ, ਤਰਕ ਸੰਗਤ ਨਹੀਂ। ਸਗੋਂ ਹੇਲ ਬਰੌਨਰ ਵੱਲੋਂ ਇਹ ਕਹਿਣਾ ਜ਼ਿਆਦਾ ਤਰਕ ਸੰਗਤ ਹੁੰਦਾ ਕਿ ਦੋਵੇਂ ਪ੍ਰਬੰਧ ਭਾਵ ਪੂੰਜੀਵਾਦ ਤੇ ਸਮਾਜਵਾਦ ਸਾਡੇ ਜਮਾਨੇ ਵਿਚ ਨਾ ਕਾਮਯਾਬ ਹੋਏ ਹਨ। ਦੋਹਾਂ ਵਿਚ ਵਖਰੇਵਾਂ ਇਹ ਹੈ ਕਿ ਸਮਾਜਵਾਦ ਦੀ ਹਾਰ ਦਾ ਕਾਰਨ ਇਤਫਾਕੀਆ ਮਨੁੱਖੀ ਇਤਿਹਾਸਕ ਤੱਤ ਹਨ, ਜਿਹੜੇ ਕਿ ਅਜੇ ਵੀ ਭਵਿੱਖ ਵਿਚ ਇਸਦੇ ਕਾਮਯਾਬ ਹੋਣ ਦੀ ਸੰਭਾਵਨਾ ਰੱਖਦੇ ਹਨ, ਪਰ ਪੂੰਜੀਵਾਦ ਦੀ ਨਾ–ਕਾਮਯਾਬੀ ਵਿਚ ਅਜਿਹੇ ਕਿਸੇ ਇਤਫਾਕੀਆ ਜਾਂ ਅਚਾਨਕ ਕਾਰਨਾਂ ਦੀ ਕੋਈ ਹੋਂਦ ਨਹੀਂ ਹੈ। ਸਗੋਂ ਪੂੰਜੀਵਾਦ ਦੀ ਹਾਰ ਦੇ ਅਜਿਹੇ ਕੁਝ ਅਰੁੱਕ ਸੰਰਚਨਾਤਮਕ (ਸਟਰਕਚਰਲ) ਅਤੇ ਬੁਨਿਆਦੀ ਕਾਰਨ ਹਨ ਜਿਵੇਂ ਕਿ ਇਸ ਦੀਆਂ ਅੰਤਹੀਣ ਵਿਰੋਧਤਾਈਆਂ ਅਤੇ ਇਸ ਦੀਆਂ ਪੂੰਜੀ ਇਕੱਠੀ ਕਰਨ ਦੀਆਂ ਸੁਭਾਵਿਕ ਪ੍ਰਵਿਰਤੀਆਂ ਹੀ ਇਸ ਨੂੰ ਤਬਾਹੀ ਵੱਲ ਲੈ ਜਾਣਗੀਆਂ।

ਪੂੰਜੀਵਾਦ ਦੀ ਹਾਰ ਅਤੇ ਸਮਾਜਵਾਦ ਉਸਾਰਨ ਦੇ ਪਹਿਲੇ ਯਤਨਾਂ ਦੀ ਨਾ-ਕਾਮਯਾਬੀ, ਵਰਤਮਾਨ ਇਤਿਹਾਸਕ ਸਮੇਂ ਦੇ ਉਸ ਪੜਾਅ ਵੱਲ ਇਸ਼ਾਰਾ ਕਰਦੀਆਂ ਹਨ, ਜਿਸ ਨੂੰ ਅਸੀਂ ਪੂੰਜੀਵਾਦ ਤੋਂ ਸਮਾਜਵਾਦ ਵਿਚ ਪਰਿਵਰਤਨ ਦਾ ਪੜਾਅ ਕਹਿ ਸਕਦੇ ਹਾਂ। ਇਹ ਬਿਲਕੁੱਲ ਉਵੇਂ ਹੈ ਜਿਵੇਂ ਜਗੀਰਦਾਰੀ ਤੋਂ ਪੂੰਜੀਵਾਦ ਵਿਚ ਤਬਦੀਲੀ ਦਾ ਪੜਾਅ। ਇਸ ਦੌਰ ਵਿਚ ਉਹ ਸਾਰੇ ਪਦਾਰਥਕ, ਨੈਤਿਕ ਤੇ ਮਨੋਵਿਗਿਆਨਕ ਲੱਛਣ ਪ੍ਰਤੱਖ ਹਨ, ਜੋ ਪਰਿਵਰਤਨਾਂ ਦੇ ਦੌਰ ਵਿਚ ਹੁੰਦੇ ਹਨ। ਪੁਰਾਣਾ ਜੋ ਕੁਝ ਵੀ ਹੈ ਨਕਾਰ ਦਿੱਤਾ ਜਾਂਦਾ ਹੈ ਤੇ ਨਵਾਂ ਜਨਮ ਲੈਣ ਲਈ ਜੱਦੋ–ਜਹਿਦ ਵਿਚ ਹੁੰਦਾ ਹੈ, ਜਿਵੇਂ ਕਿ ਅੱਜ ਪੂੰਜੀਵਾਦ ਨਾਲ ਹੋ ਰਿਹਾ ਹੈ।

ਇਤਿਹਾਸਕਾਰ ਦੱਸਦੇ ਹਨ ਕਿ ਮੱਧ ਯੁਗ ਵਿਚ ਪੂੰਜੀਵਾਦ ਸਥਾਪਿਤ ਕਰਨ ਦੇ ਪਹਿਲੇ ਯਤਨ ਵੀ ਫੇਲ੍ਹ ਹੋਏ ਸਨ। ਜਾਗੀਰਦਾਰੀ ਹੱਥੋਂ ਇਸ ਦੀ ਹਾਰ ਹੋਈ ਸੀ। ਪਰ ਸਦੀਆਂ ਬਾਅਦ ਇਕ ਠੀਕ ਸਮੇਂ ਪੂੰਜੀਵਾਦ ਆਪਣੇ ਪਹਿਲੇ ਨਾ–ਕਾਮਯਾਬ ਯਤਨਾਂ ਤੋਂ ਸਿੱਖਦਾ ਹੋਇਆ ਮੁੜ ਉਦੈ ਹੋਇਆ ਅਤੇ ਇਹ ਏਨਾ ਤਾਕਤਵਾਰ ਹੋ ਕੇ ਨਿਕਲਿਆ ਕਿ ਇਹ ਆਪਣੇ ਦੁਸ਼ਮਣਾਂ ਨੂੰ ਪਿਛਾੜਦਾ ਹੋਇਆ ਇੰਗਲੈਂਡ ਤੇ ਕਈ ਹੋਰ ਦੇਸਾਂ ਵਿਚ ਮੁੜ ਸਥਾਪਤ ਹੋਇਆ। ਇਸ ਲਈ ਸਮਾਜਵਾਦੀਆਂ ਦੀ ਪਹਿਲੀ ਹਾਰ ਇਤਿਹਾਸ ਵਿਚ ਇਹ ਸਥਾਪਿਤ ਨਹੀਂ ਕਰਦੀ ਕਿ ਭਵਿੱਖ ਵਿਚ ਸਮਾਜਵਾਦ ਦੇ ਯਤਨ ਅਸੰਭਵ ਹਨ। ਪਰ ਲੰਬੇ ਸਮੇਂ ਦੀ ਇਹ ਸੰਭਾਵਨਾ ਕੁਝ ਮੁਸ਼ਕਲਾਂ ਵੀ ਦਰਪੇਸ਼ ਕਰਦੀ ਹੈ। ਕਿਸੇ ਵੇਲੇ ਪੂੰਜੀਵਾਦ ਕੋਲ ਪੈਦਾ ਹੋਣ ਲਈ ਤੇ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਬਹੁਤ ਸਮਾਂ ਸੀ, ਜੋ ਕਿ ਅੱਜ ਦੇ ਸਮਾਜਵਾਦ ਕੋਲ ਨਹੀਂ ਹੈ।

ਪੂੰਜੀਵਾਦ ਦੀ ਤਰਕਸੰਗਤ ਬਣਤਰ, ਇਸਦੀ ਕਦੇ ਵੀ ਨਾ ਮਿਟਣ ਵਾਲੀ ਪੂੰਜੀ ਇਕੱਠੀ ਕਰਨ ਦੀ ਲਾਲਸਾ ਨਾਲ ਦੁਨੀਆਂ ਵਿਚ ਵਾਤਾਵਰਨਿਕ ਸੰਕਟ ਆਉਣ ਵਾਲਾ ਹੈ, ਵਿਦਵਾਨ ਜੇ.ਬੀ. ਫਾਸਟਰ ਅਨੁਸਾਰ, "ਮਨੁੱਖੀ ਸਮਾਜ ਵਾਤਾਵਰਣ ਨਾਲ ਆਪਣੇ ਸਬੰਧਾਂ ਦੇ ਸੰਦਰਭ ਵਿਚ ਬੜੀ ਖਤਰਨਾਕ ਅਵਸਥਾ ਵਿਚ ਪਹੁੰਚ ਚੁੱਕਾ ਹੈ। ਮਨੁੱਖੀ ਲੋੜਾਂ ਵਾਸਤੇ ਇਸ ਗ੍ਰਹਿ ਨੂੰ ਏਨਾ ਨਾ–ਵਰਤਣਯੋਗ ਬਣਾ ਦਿੱਤਾ ਗਿਆ ਹੈ ਕਿ ਕੁਦਰਤ ਦਾ ਜ਼ਿੰਦਾ ਰਹਿਣਾ ਵੀ ਖ਼ਤਰੇ ਵਿਚ ਹੈ। ਇਕੱਲੀ ਕੁਦਰਤ ਹੀ ਨਹੀਂ, ਖੁਦ ਮਨੁੱਖੀ ਸਮਾਜ ਦਾ ਜਿੰਦਾ ਰਹਿਣਾ ਤੇ ਵਿਕਾਸ ਵੀ ਖ਼ਤਰੇ ਵਿਚ ਹੈ।

ਸਾਇੰਸਦਾਨ ਚਿਤਾਵਨੀ ਦੇ ਰਹੇ ਹਨ ਕਿ ਅਸੀਂ ਛੇਵੇਂ ਮਹਾਂਤਬਾਹੀ ਦੇ ਕੰਢੇ 'ਤੇ ਖੜੇ ਹਾਂ ਤੇ ਇਹ ਤਬਾਹੀ ਪਹਿਲੀਆਂ ਪੰਜਾਂ ਤਬਾਹੀਆਂ ਤੋਂ ਵੱਖਰੀ ਕਿਸਮ ਨਾਲ ਮਨੁੱਖ ਦੇ ਆਪਣੇ ਹੱਥੋਂ ਹੋ ਰਹੀ ਹੈ। ਇਹ ਸਿਰਫ਼ ਇਕੱਲਾ

ਇਕੋ-ਇਕ ਖ਼ਤਰਾ ਨਹੀਂ ਹੈ। ਦੂਜਾ ਵੱਡਾ ਖ਼ਤਰਾ ਸਾਮਰਾਜਵਾਦੀ ਮਿਲਟਰੀ ਤੋਂ ਹੈ। ਇਸਦੀਆਂ ਉਦਾਹਰਣਾਂ ਅਮਰੀਕਾ ਤੇ ਇੰਗਲੇਂਡ ਦੀਆਂ ਫ਼ੌਜੀ ਨੀਤੀਆਂ ਹਨ। ਇਨ੍ਹਾਂ ਨੀਤੀਆਂ ਨੂੰ ਵਿਦਵਾਨ ਡੇਵਿਡ ਐਡਗਰਟਨ ਵਿਅੰਗ ਨਾਲ ਉਦਾਰ-ਮਿਲਟਰੀਵਾਦ ਕਹਿੰਦਾ ਹੈ। ਅੱਜ ਅਮਰੀਕਾ ਕੋਲ ਨਿਊਕਲੀਆਦੀ ਤੇ ਦੂਜੇ ਹਥਿਆਰਾਂ ਦਾ ਸਭ ਤੋਂ ਵੱਡਾ ਭੰਡਾਰ ਹੈ, ਜਿਨ੍ਹਾਂ ਨੂੰ ਮਨੁੱਖ-ਨਾਸ਼ਕ ਹਥਿਆਰ ਕਿਹਾ ਜਾਂਦਾ ਹੈ। ਸਿਰਫ਼ ਇਹੋ ਇਕ ਅਜਿਹਾ ਦੇਸ਼ ਹੈ, ਜਿਸ ਨੂੰ ਇਹ ਹਥਿਆਰ ਵਰਤਣ ਵਿਚ ਕੋਈ ਝਿਜਕ ਨਹੀਂ। ਇਸ ਨੇ ਸਾਰੀ ਦੁਨੀਆਂ ਵਿਚ ਆਪਣੀ ਸਾਮਰਾਜੀ ਨੀਤੀ ਸਦਕਾ ਬਹੁਤ ਸਾਰੇ ਰਾਊਂਡ ਜ਼ੀਰੋ ਬਣਾਏ ਹੋਏ ਹਨ। ਇਹ ਕਾਫ਼ੀ ਸੰਭਾਵਨਾ ਹੈ ਕਿ ਆਪਣੀ ਜ਼ਿੱਦ ਤੇ ਸ਼ਕਤੀ ਦੀ ਨਿਪੁੰਨਸਕਤਾ ਕਾਰਨ, ਆਪਣੇ ਆਪ ਨੂੰ ਸਭ ਤੋਂ ਮਹਾਨ ਕੌਮ ਸਮਝਣ ਕਾਰਣ, ਬੁਸਵਾਦੀ ਲੋਕ ਮਨੁੱਖਤਾ ਲਈ ਦੁਸ਼ਮਣ ਦਾ ਰੋਲ ਅਦਾ ਕਰ ਸਕਦੇ ਹਨ। ਜਿਵੇਂ ਕਿ ਪਾਲ ਐੱਮ, ਸਵੀਜ਼ੀ ਨੇ ਇਕ ਵਾਰ ਕਿਹਾ ਸੀ, ਕਿ ਸਮਾਜਵਾਦ ਲਈ ਅਜੇ ਉਹ ਢੁੱਕਵਾਂ ਸਮਾਂ ਨਹੀਂ ਆਇਆ ਕਿ ਉਹ ਕਾਮਯਾਬ ਹੋ ਜਾਂਦਾ, ਇਹ ਇਕ ਮਹੱਤਵਪੂਰਨ ਨੁਕਤਾ ਹੈ। ਮਾਰਕਸ ਦਾ ਵਿਚਾਰ ਸੀ ਕਿ ਇਤਿਹਾਸ ਵਿਚ ਕਈ ਬਦਲਾਵ ਹੁੰਦੇ ਹਨ। ਪੂੰਜੀਵਾਦ ਦੇ ਆਪਣੇ ਸਮੇਂ ਤੋਂ ਵੱਧ ਰਹਿਣ ਦੇ ਸੰਦਰਭ ਵਿਚ ਜੋ ਬਦਲਾਵ ਮਾਰਕਸ ਨੇ ਸੋਚਿਆ ਉਸ ਨੂੰ ਰੋਜ਼ਾ ਲਗਜ਼ਮਬਰਗ ਨੇ ਇਸ ਤਰ੍ਹਾਂ ਪੇਸ਼ ਕੀਤਾ ਕਿ ਜਾਂ ਸਮਾਜਵਾਦ ਜਾਂ ਬਰਾਬਰਤਾਵਾਦ। ਹੁਣ ਜਦੋਂ ਕਿ ਪੂੰਜੀਵਾਦ ਮਨੁੱਖਤਾ ਨੂੰ ਬਰਾਬਰਤਾ ਦੇ ਨਿਜ਼ਾਮ ਵੱਲ ਧੱਕ ਰਿਹਾ ਹੈ, ਅਜੇ ਵੀ ਸਮਾਜਵਾਦ ਇਸ ਦਾ ਇਕੋ ਇਕ ਬਦਲ ਹੈ। ਸਮਾਜਵਾਦ ਦਾ ਭਵਿੱਖ ਉਨ੍ਹਾਂ ਹੀ ਚਾਨਣਮਈ ਹੈ ਜਾਂ ਓਨਾ ਹੀ ਧੁੰਦਲਾ ਹੈ, ਜਿੰਨੀ ਕਿ ਮਨੁੱਖਤਾ ਆਪ ਹੈ।

ਹੁਣ ਜਦੋਂ ਕਿ ਸਾਡਾ ਦੇਸ਼ ਸੰਸਾਰੀ ਪੂੰਜੀਵਾਦੀ ਪ੍ਰਬੰਧ ਦਾ ਹਿੱਸਾ ਬਣ ਚੁੱਕਾ ਹੈ ਤੇ ਸਾਡੇ ਹਾਕਮ ਇਸ ਸੰਸਾਰੀਕਰਨ ਨੂੰ ਸ਼ੁਰੂ ਕਰ ਚੁੱਕੇ ਹਨ ਤੇ ਇਕ ਨਵਾਂ ਪੂੰਜੀਵਾਦੀ ਦੌਰ ਜਿਸ ਨੂੰ ਆਰਥਿਕ ਸੁਧਾਰਾਂ ਦਾਂ ਨਾਂ ਦਿੱਤਾ ਗਿਆ ਹੈ, ਸ਼ੁਰੂ ਹੋ ਚੁੱਕਾ ਹੈ ਤਾਂ ਅਜਿਹੇ ਸਮੇਂ ਇਹ ਵੇਖਣਾ ਵੀ ਮਹੱਤਵਪੂਰਨ ਹੈ ਕਿ ਵਿਸਰ ਚੁੱਕਿਆ ਤੇ ਵਰਜਿਤ ਸਵਾਲ ਕਿ ਪੂੰਜੀਵਾਦ ਕੀ ਹੈ ਤੇ ਇਹ ਅੱਜ ਸਾਡੇ ਲੋਕਾਂ ਨੂੰ ਕੀ ਦੇ ਰਿਹਾ ਹੈ, ਆਦਿ ਜਨਤਾ ਦੀ ਗੱਲਬਾਤ ਵਿਚੋਂ ਮਨਫੀ ਕਰ ਦਿੱਤੇ ਗਏ ਹਨ। ਇਸ ਪ੍ਰਮੁੱਖ ਸਵਾਲ ਨਾਲ ਹੋਰ ਵੀ ਬਹੁਤ ਸਾਰੇ ਮਹੱਤਵਪੂਰਣ ਮੁੱਦੇ ਜੁੜੇ ਹੋਏ ਹਨ, ਜਿਨ੍ਹਾਂ ਬਾਰੇ ਗੱਲਬਾਤ ਕਰਨੀ ਜ਼ਰੂਰੀ ਹੈ। ਅਜਿਹੇ ਮੁੱਦਿਆਂ ਬਾਰੇ ਜਿਹੜੇ ਭੁਲਾਏ ਜਾ ਚੁੱਕੇ ਹਨ ਪਰ ਜਿਨ੍ਹਾਂ ਨੂੰ ਮੁੜ ਯਾਦ ਕਰਨਾ ਅਤਿ ਜ਼ਰੂਰੀ ਹੈ। ਇਹ ਅਜਿਹੇ ਮੁੱਦੇ ਹਨ ਜੋ ਸਾਡੀ ਗੱਲਬਾਤ 'ਚੋਂ ਗਾਇਬ ਹਨ, ਪਰ ਉਹਨਾਂ ਨੂੰ ਪਹਿਚਾਨਣਾ ਤੇ ਲੋਕਾਂ ਦੀ ਗੱਲਬਾਤ ਦਾ ਹਿੱਸਾ ਬਣਾਉਣਾ, ਖ਼ਾਸ ਕਰਕੇ ਖੱਬੇ ਪੱਖੀ ਲੋਕਾਂ ਦੀ ਗੱਲਬਾਤ ਦਾ ਵਿਸ਼ਾ ਬਣਾਉਣਾ ਅਤਿ ਜ਼ਰੂਰੀ ਹੈ।

ਸਭ ਤੋਂ ਜ਼ਰੂਰੀ ਇਹ ਯਾਦ ਰੱਖਣਾ ਬਣਦਾ ਹੈ ਕਿ ਅਸੀਂ ਪਹਿਲਾਂ ਵੀ ਇਕ ਗਲੋਬਲਾਈਜਡ ਦੇਸ਼ ਹੀ ਸਾਂ। 1947 ਤੋਂ ਪਹਿਲਾਂ ਅਸੀਂ ਇਕ ਗਲੋਬਲ ਪ੍ਰਬੰਧ ਦਾ ਹਿੱਸਾ ਸੀ ਅਤੇ ਸਾਡਾ ਸਬੰਧ ਇਕ ਚੰਗੀ ਤਰ੍ਹਾਂ ਗੁੰਨੀ ਹੋਈ ਸੰਸਾਰ ਮੰਡੀ ਦੀ ਆਰਥਿਕਤਾ ਨਾਲ ਸੀ। ਅਸੀਂ ਗਲੋਬਲਾਈਜ਼ ਸੀ ਪਰ ਅਸੀਂ ਇਸ ਨੂੰ ਪਸੰਦ ਨਹੀਂ ਕਰਦੇ ਸਾਂ। ਉਦੋਂ ਸਾਡਾ ਸੰਸਾਰੀਕਰਨ ਤੋਂ ਮਤਲਬ ਸਾਮਰਾਜਵਾਦ ਸੀ। ਉਦੋਂ ਅਸੀਂ ਇਸ ਦੇ ਵਿਰੁੱਧ ਜਦੋ-ਜਹਿਦ ਕਰਦੇ ਸੀ ਕਿਉਂਕਿ ਆਪਣੀ ਸੰਰਚਨਾ ਮੁਤਾਬਿਕ ਸਾਮਰਾਜਵਾਦ ਸਾਰਾ ਧਨ-ਦੌਲਤ ਇੰਗਲੈਂਡ ਵਿਚ ਇਕੱਠਾ ਕਰ ਰਿਹਾ ਸੀ ਤੇ ਗ਼ਰੀਬੀ ਹਿੰਦੋਸਤਾਨ ਵਿਚ। ਤੀਜੀ ਦੁਨੀਆਂ ਨੂੰ ਹੋਰਾਂ ਦੇਸ਼ਾਂ ਵਾਂਗ ਅਸੀਂ ਇਸ ਸੰਸਾਰੀਕਰਨ ਵਿਚੋਂ ਬਾਹਰ ਨਿਕਲਣ ਤੇ ਆਜ਼ਾਦ ਹੋਣ ਬਾਰੇ ਚਾਹਿਆ ਤਾਂ ਕਿ ਅਸੀਂ ਆਪਣੇ ਆਮ ਲੋਕਾਂ ਲਈ ਮਨ ਚਾਹਿਆ ਵਿਕਾਸ ਕਰ ਸਕੀਏ। ਆਜ਼ਾਦੀ ਦੀ ਲੜਾਈ ਦਾ ਇਹੋ ਮੁੱਖ ਮੰਤਵ ਸੀ। ਪਰ ਸਾਡੇ ਅੱਜ ਦੇ ਹਾਕਮ ਲੋਕ ਅਜਿਹਾ ਬਹੁਤ ਕੁਝ ਭੁੱਲ ਚੁੱਕੇ ਹਨ ਕਿ ਆਜ਼ਾਦੀ ਦੀ ਜੱਦੋ-ਜਹਿਦ ਕਿਸ ਮਕਸਦ ਲਈ ਹੋਈ ਸੀ। ਉਹ ਚਾਹੁੰਦੇ ਹਨ ਕਿ ਅਸੀਂ ਵੀ ਉਹਨਾਂ ਵਾਂਗ ਭੁੱਲ ਜਾਈਏ। ਪਰੰਤੂ ਸਾਡੇ ਲੋਕਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਹਾਕਮ ਸੰਸਾਰੀਕਰਨ ਦੇ ਹੱਕ ਵਿਚ ਬੋਲਦੇ ਹੋਏ, ਇਕ ਨਵੇਂ ਆਰਥਿਕ ਵਿਕਾਸ ਦਾ ਦਾਅਵਾ ਕਰਦੇ ਹੋਏ ਵਿਕਾਸ ਦੀ ਦਰ ਬਾਰੇ ਬੜੀ ਕਾਂਵਾਂ-ਰੌਲੀ ਪਾਉਂਦੇ ਹਨ। ਹੋ ਸਕਦਾ ਹੈ ਕਿ ਉਹ ਗ਼ਲਤ ਨਾ ਵੀ ਹੋਣ, ਪਰ ਪੂੰਜੀਵਾਦੀ ਆਰਥਿਕ ਵਿਕਾਸ ਦਾ ਸੰਰਚਨਾਤਮਕ ਤਰਕ ਹਮੇਸ਼ਾਂ ਉਹ ਹੀ ਰਹਿੰਦਾ ਹੈ ਜੋ ਇਹ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਨੇ ਇਕ ਵਾਰ ਵਾਸ਼ਿੰਗਟਨ ਵਿਚ ਕਿਹਾ ਸੀ ਕਿ 'ਉਸ ਦੇ ਦੇਸ਼ ਦੀ ਅਰਥ-ਵਿਵਸਥਾ ਠੀਕ-ਠਾਕ ਹੈ, ਪਰੰਤੂ ਲੋਕ ਨਹੀਂ।" ਇਸ ਲਈ ਸਾਡੇ ਦੇਸ਼ ਦੇ ਹਾਕਮਾਂ ਦੇ ਵਾਅਦੇ ਵੀ ਕੁਝ ਇਸ ਤਰ੍ਹਾਂ ਦੇ ਹੀ ਹੋਣਗੇ। ਅੱਜ ਦੇ ਸੰਸਾਰੀਕਰਨ ਦੇ ਨਤੀਜੇ ਉਸ ਸੰਸਾਰੀਕਰਨ ਤੋਂ ਵੱਖਰੇ ਨਹੀਂ ਹੋ ਸਕਦੇ, ਜਿਨ੍ਹਾਂ ਤੋਂ ਬਚਣ ਲਈ ਸਾਡੇ ਲੋਕਾਂ ਨੇ 1947 ਤੱਕ ਸਖ਼ਤ ਜੱਦੋ-ਜਹਿਦ ਕੀਤੀ ਸੀ। ਅੱਜ ਇਹ ਸਿੱਟੇ ਸਗੋਂ ਜ਼ਿਆਦਾ ਭਿਆਨਕ ਹੋ ਸਕਦੇ ਹਨ।

*(ਸਾਡਾ ਵਿਰਸਾ ਤੇ ਅਜੋਕੇ ਦੌਰ ਦੇ ਵਰਜਿਤ ਮਸਲੇ ਵਿਚੋਂ ਧੰਨਵਾਦ ਸਹਿਤ)*